# ਖ਼ੁਲਾਸਾ ਖ਼ੁਤਬਾ ਜੁਮਆ 20.02.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਫ਼ਰਵਰੀ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਮੈਂ ਰੱਬ ਦੀ ਸੌਂਹ ਖਾ ਕੇ ਕਹਿੰਦਾ ਹਾਂ ਕਿ ਮੈਂ ਹੀ ਮੁਸਲਿਹ ਮਊਦ ਦੀ ਭਵਿੱਖਬਾਣੀ ਦਾ ਚਰਿਤਾਰਥ ਹਾਂ ਅਤੇ ਮੈਨੂੰ ਹੀ ਰੱਬ ਨੇ ਇਹਨਾਂ ਭਵਿੱਖਬਾਣੀਆਂ ਦਾ ਪਾਤਰ ਬਣਾਇਆ ਹੈ, ਜੋ ਇਕ ਆਉਣ ਵਾਲੇ ਮਊਦ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਈਆਂ । ਰੱਬ ਨੇ ਮੇਰੇ ਉਪੱਰ ਕੁਰਆਨੀ ਗਿਆਨ ਐਨ੍ਹੀ ਅਧਿਕਤਾ ਨਾਲ ਖੋਲੇ ਹਨ ਕਿ ਹੁਣ ਕਿਯਾਮਤ ਤੱਕ ਉਮੱਤੇ ਮੁਸਲਿਮਾ ਇਸ ਗੱਲ'ਤੇ ਮਜਬੂਰ ਹੈ ਕਿ ਉਹ ਮੇਰੀਆਂ ਕਿਤਾਬਾਂ ਪੜ੍ਹੇ ਅਤੇ ਉਹਨਾਂ ਤੋਂ ਲਾਭ ਉਠਾਏ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅੱਜ 20 ਫ਼ਰਵਰੀ ਦਾ ਦਿਨ ਹੈ ਅਤੇ ਇਹ ਦਿਨ ਅਹਮਦੀਆਂ ਮੁਸਲਿਮ ਜਮਾਤ ਵਿੱਚ ਪੇਸ਼ਗੋਈ ਮੁਸਲਿਹ ਮਊਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਅੱਜ ਮੈਂ ਹਜਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੇ ਆਪਣੇ ਹੀ ਸ਼ਬਦਾਂ ਵਿੱਚ ਪੇਸ਼ਗੋਈ ਬਾਰੇ ਜੋ ਆਪ ਨੇ ਵੱਖ ਵੱਖ ਮੌਕਿਆਂ 'ਤੇ ਫ਼ਰਮਾਇਆ ਉਹ ਆਪ ਦੇ ਸਾਹਮਣੇ ਰੱਖਾਂਗਾ । ਸਾਰਿਆਂ ਪੱਖਾਂ ਨੂੰ ਤਾਂ ਏਥੇ ਵਰਨਣ ਨਹੀਂ ਕੀਤਾ ਜਾ ਸਕਦਾ । ਕੁਝ ਇਕ ਗੱਲਾਂ ਤੇ ਕੁਝ ਇਕ ਹਵਾਲੇ ਪੇਸ਼ ਕਰਾਂਗਾ । 1944 ਈ. ਵਿੱਚ ਪੇਸ਼ਗੋਈ ਮੁਸਲਿਹ ਮਊਦ ਦੀ ਪਿੱਠ-ਭੂਮਿ ਵਰਨਣ ਕਰਦਿਆਂ ਹੋਇਆ ਹਜ਼ਰਤ ਮੁਸਲਿਹ ਮਊਦ ਨੇ ਫ਼ਰਮਾਇਆ, ਅੱਜ ਤੋਂ ਪੂਰ 58 ਵਰ੍ਹੇ ਪਹਿਲਾਂ ਇਸ ਹੁਸ਼ਿਆਰਪੁਰ ਵਿੱਚ ਜੋ ਕਿ ਮੇਰੀ ਉਂਗਲ ਦੇ ਸਾਹਣੇ ਹੈ । ਇਕ ਅਜਿਹਾ ਮਕਾਨ (ਘਰ) ਸੀ ਜੋ ਉਸ ਸਮੇਂ ਤਵੇਲਾ ਅਖਵਾਉਂਦਾ ਸੀ ਜਿਸ ਦੇ ਅਰਥ ਇਹ ਹਨ ਕਿ ਉਹ ਰਿਹਾਇਸ਼ ਦਾ ਅਸਲੀ ਸਥਾਨ ਨਹੀਂ ਸੀ, ਕਾਦੀਆਂ ਦਾ ਇਕ ਗੁਮਨਾਮ ਮਨੁੱਖ ਜਿਸ ਨੂੰ ਕਾਦੀਆਂ ਦੇ ਲੋਕ ਵੀ ਪੂਰੀ ਤਰ੍ਹਾਂ ਨਹੀਂ ਜਾਣਦੇ ਸਨ, ਲੋਕਾਂ ਦੀ ਇਸ ਵਿਰੋਧਥਾ ਨੂੰ ਦੇਖ ਕੇ ਜੋ ਇਸਲਾਮ ਅਤੇ ਇਸਲਾਮ ਦੇ ਬਾਨੀ ਨਾਲ ਰਖੱਦੇ ਸਨ ਆਪਣੇ ਰੱਬ ਦੀ ਹਜ਼ੂਰੀ ਵਿੱਚ ਵੱਖਰਿਆਂ ਹੀ ਇਬਾਦਤ ਕਰਨ ਤੇ ਉਸਦੀ ਤਾਈਦ ਤੇ ਮਦਦ ਦੇ ਚਿੰਨ੍ਹ ਤਲਬ ਕਰਨ ਲਈ ਆਇਆ ਅਤੇ ਚਾਲ੍ਹੀ ਦਿਨ ਦੀਆਂ ਦੁਆਵਾਂ ਦੇ ਬਾਦ ਰੱਬ ਨੇ ਉਹਨਾਂ ਨੂੰ ਇਕ ਨਿਸ਼ਾਨ (ਚਿੰਨ੍ਹ) ਦਿੱਤਾ । ਉਹ ਨਿਸ਼ਾਨ ਇਹ ਸੀ ਕਿ ਮੈਂ ਤੈਨੂੰ ਇਕ ਪੁਤੱਰ ਦਿਆਂਗਾ ਜੋ ਕੁਝ ਵਿਸ਼ੇਸ਼ ਗੁਣਾ ਨਾਲ ਸਲੰਗਤ ਹੋਵੇਗਾ । ਉਹ ਇਸਲਾਮ ਨੂੰ ਦੁਨੀਆਂ ਦੇ ਕੰਢਿਆਂ ਤੱਕ ਫੈਲਾਏਗਾ । ਇਲਾਹੀ ਕਲਾਮ (ਕੁਰਆਨ ਕਰੀਮ) ਦੇ ਗਿਆਨ ਲੋਕਾਂ ਨੂੰ ਸਮਝਾਏਗਾ । ਰਹਿਮਤ ਅਤੇ ਮਿਹਰ ਦਾ ਨਿਸ਼ਾਨ ਹੋਵੇਗਾ ਅਤੇ ਉਹ ਧਾਰਮਕ ਤੇ ਸੰਸਾਰਕ ਗਿਆਨ ਜੋ ਇਸਲਾਮ ਦੇ ਪ੍ਰਚਾਰ ਲਈ ਜ਼ਰੂਰੀ ਹਨ ਉਸ ਨੂੰ ਬਖ਼ਸੇ ਜਾਣਗੇ । ਇਸੇ ਪ੍ਰਕਾਰ ਰੱਬ ਉਸ ਨੂੰ ਲੰਮੀ ਉਮਰ ਬਖ਼ਸ਼ੇਗਾ ਇੱਥੋਂ ਤੱਕ ਕਿ ਉਹ ਦੁਨੀਆਂ ਦੇ ਕੰਢਿਆਂ ਤੱਕ ਪ੍ਰਸਿੱਧੀ ਪ੍ਰਾਪਤ ਕਰੇਗਾ ।

ਫਿਰ ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਜੱਦ ਇਹ ਇਸ਼ਤਿਹਾਰ ਪ੍ਰਕਾਸ਼ਤ ਹੋਇਆ ਤਾਂ ਵੈਰੀਆਂ ਨੇ ਇਸ'ਤੇ ਵੀ ਇਤਰਾਜ਼ਾਂ ਦੀ ਲੰਮੀ ਲੜੀ ਅਰੰਭ ਕਰ ਦਿੱਤੀ । ਫਿਰ ਆਪ ਨੇ 22 ਮਾਰਚ 1886 ਈ. ਨੂੰ ਇਕ ਹੋਰ ਇਸ਼ਤਿਹਾਰ ਪ੍ਰਕਾਸ਼ਤ ਕੀਤਾ । ਦੁਸ਼ਮਣਾ ਨੇ ਇਹ ਇਤਰਾਜ਼ ਕੀਤਾ ਸੀ ਕਿ ਅਜਿਹੀ ਭਵਿੱਖਬਾਣੀ ਦਾ ਕੀ ਭਰੋਸਾ ਕੀਤਾ ਜਾ ਸਕਦਾ ਹੈ ਕਿ ਮੇਰੇ ਘਰ ਲੜਕਾ ਪੈਦਾ ਹੋਵੇਗਾ, ਕੀ ਸਦਾ ਲੋਕਾਂ ਦੇ ਘਰ ਲੜਕੇ ਪੈਦਾ ਨਹੀਂ ਹੋਇਆ ਕਰਦੇ ? ਇਸ ਲਈ ਜੇਕਰ ਤੁਹਾਡੇ ਘਰ ਵੀ ਲੜਕਾ ਪੈਦਾ ਹੋ ਜਾਵੇ ਤਾਂ ਇਸ ਤੋਂ ਕਿਵੇਂ ਸਿੱਧ ਹੋ ਗਿਆ ਕਿ ਦੁਨੀਆਂ ਵਿੱਚ ਇਸ ਰਾਹੀਂ ਰੱਬ ਦਾ ਕੋਈ ਵਿਸ਼ੇਸ਼ ਨਿਸ਼ਾਨ ਪ੍ਰਕਟ ਹੋਇਆ ਹੈ । ਆਪ ਨੇ ਲੋਕਾਂ ਦੇ ਇਸ ਇਤਰਾਜ਼ ਦਾ ਉਤੱਰ ਦਿੰਦਿਆਂ ਹੋਇਆ ਫ਼ਰਮਾਇਆ ਕਿ ਮੈਂ ਕਦੋਂ ਕੇਵਲ ਇਕ ਲੜਕੇ ਦੇ ਪੈਦਾ ਹੋਣ ਦੀ ਖ਼ਬਰ ਦਿੱਤੀ ਹੈ ? ਮੈਂ ਤਾਂ ਇਹ ਨਹੀਂ ਕਿਹਾ ਕਿ ਮੇਰੇ ਘਰ ਇਕ ਲੜਕਾ ਪੈਦਾ ਹੋਵੇਗਾ ਸਗੋ ਮੈਂ ਇਹ ਕਿਹਾ ਹੈ ਕਿ ਰੱਬ ਨੇ ਮੇਰੀਆਂ ਦੁਆਵਾਂ ਪਰਵਾਨ ਕਰਕੇ ਇਕ ਅਜਿਹੀ

ਬਰਕਤਾਂ ਭਰਪੂਰ ਰੂਹ (ਆਤਮਾ) ਭੇਜਣ ਦਾ ਵਾਦਾ ਕੀਤਾ ਹੈ ਜਿਸ ਦੀਆਂ ਪ੍ਰਗਟ ਤੇ ਗੁਪਤ ਬਰਕਤਾਂ ਸਾਰੀ ਧਰਤੀ ਉਪੱਰ ਫੈਲਣਗੀਆਂ । ਸੋ, ਇਹ ਸਾਰ ਸੀ ਇਸ ਇਲਹਾਮ ਦਾ ।

ਫਿਰ ਇਸ ਗੱਲ ਵੱਲ ਧਿਆਨ ਦੁਆਉਂਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ, ਕਈ ਲੋਕ ਕਿਹੰਦੇ ਹਨ ਕਿ ਮੁਸਲਿਹ ਮਊਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਭਵਿੱਖ ਦੀ ਕਿਸੇ ਨਸਲ ਵਿੱਚੋਂ ਤਿੰਨ ਚਾਰ ਸੌ ਸਾਲ ਬਾਦ ਆਏਗਾ ਵਰਤਮਾਨ ਜੁੱਗ ਵਿੱਚ ਨਹੀਂ ਆ ਸਕਦਾ, ਪਰ ਉਹਨਾਂ ਵਿੱਚੋਂ ਕੋਈ ਮਨੁੱਖ ਰੱਬ ਦਾ ਖ਼ੌਫ਼ ਨਹੀਂ ਕਰਦਾ ਕਿ ਉਹ ਭਵਿੱਖਬਾਣੀ ਦੇ ਸ਼ਬਦਾਂ ਨੂੰ ਦੇਖੇ ਅਤੇ ਉਹਨਾਂ ’ਤੇ ਗ਼ੌਰ ਕਰੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਤਾਂ ਲਿਖੱਦੇ ਹਨ ਕਿ ਇਸ ਸਮੇਂ ਇਸਲਾਮ ਉਪੱਰ ਇਤਰਾਜ਼ ਕੀਤਾ ਜਾਂਦਾ ਹੈ ਕਿ ਇਸਲਾਮ ਆਪਣੇ ਵਿੱਚ ਨਿਸ਼ਾਨ ਦਿਖਾਉਣ ਦੀ ਕੋਈ ਸ਼ਕਤੀ ਨਹੀਂ ਰਖੱਦਾ, ਅਤੇ ਇਹ ਖੰਡਨਕਾਰੀ ਸਾਨੂੰ ਇਹ ਦੱਸਦੇ ਹਨ ਕਿ ਜੱਦ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਰੱਬ ਦੀ ਹਜ਼ੂਰੀ ਵਿੱਚ ਦੁਆਵਾਂ ਕੀਤੀਆਂ ਤਾਂ ਰੱਬ ਨੇ ਆਪ ਨੂੰ ਇਹ ਖ਼ਬਰ ਦਿੱਤੀ ਕਿ ਅੱਜ ਤੋਂ ਤਿੰਨ ਸੌ ਸਾਲ ਬਾਦ ਅਸੀਂ ਤੁਹਾਨੂੰ ਇਕ ਪੁਤੱਰ ਦਿਆਂਗੇ ਜੋ ਇਸਲਾਮ ਦੀ ਸਚੱਾਈ ਦਾ ਇਕ ਨਿਸ਼ਾਨ ਹੋਵੇਗਾ । ਕੀ ਦੁਨੀਆ ਵਿੱਚ ਕੋਈ ਵੀ ਮਨੁੱਖ ਹੈ ਜੋ ਇਸ ਗੱਲ ਨੂੰ ਉਚਿਤ ਠਹਿਰਾ ਸਕਦਾ ਹੈ । ਕੋਈ ਪਾਗਲ ਤੋਂ ਪਾਗਲ ਵੀ ਅਜਿਹੀ ਗੱਲ ਰੱਬ ਅਤੇ ਉਸਦੇ ਰਸੂਲ ਵੱਲ ਮੜ੍ਹ ਨਹੀਂ ਸਕਦਾ । ਇਸ ਲਈ ਇਹ ਨਿਸ਼ਾਨ ਤਾਂ ਅਜਿਹੇ ਨੇੜੇ ਤੋਂ ਨੇੜੇ ਸਮੇਂ ਵਿੱਚ ਪ੍ਰਗਟ ਹੋਣਾ ਚਾਹੀਦਾ ਸੀ ਜੱਦ ਕਿ ਉਹ ਲੋਕ ਜੀਉਂਦੇ ਮੌਜੂਦ ਹੁੰਦੇ ਜਿੰਨ੍ਹਾ ਨੇ ਇਹ ਨਿਸ਼ਾਨ ਮੰਗਿਆ ਸੀ । ਸੋ, ਅਜਿਹਾ ਹੀ ਹੋਇਆ । **1889** ਈ. ਵਿੱਚ ਜੱਦ ਮੇਰੀ ਪੈਦਾਇਸ਼ ਰੱਬ ਦੀਆਂ ਭਵਿੱਖਬਾਣੀਆਂ ਅਨੁਸਾਰ ਹੋਈ ਤਾਂ ਉਹ ਲੋਕ ਜੀਊਂਦੇ ਮੌਜੂਦ ਸਨ ਜਿਨ੍ਹਾ ਨੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਤੋਂ ਨਿਸ਼ਾਨ ਮੰਗਿਆ ਸੀ ।

ਆਪਣੇ ਇਕ ਸੁਵਪੱਨ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਮੈਂ ਉਹਨਾ ਸਮਾਨਤਾਵਾਂ ਦਾ ਵਰਨਣ ਕਰਦਾ ਹਾਂ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਭਵਿੱਖਬਾਣੀ ਦੇ ਮੇਰੇ ਸੁਪਨੇ ਨਾਲ ਹਨ । ਸੁਪਨੇ ਵਿੱਚ ਮੈਂ ਦੇਖਿਆ ਕਿ ਮੇਰੇ ਮੂੰਹ ਤੋਂ ਇਹ ਵਾਕ ਜਾਰੀ ਹੋਇਆ ਕਿ ਅਨਲ ਮਸੀਹ ਮੌਊਦ ਮਸੀਲਿਹੀ ਵ ਖ਼ਲੀਫ਼ਾ । ਇਹਨਾਂ ਸ਼ਬਦਾਂ ਦਾ ਮੇਰੇ ਮੂੰਹੋਂ ਜਾਰੀ ਹੋਣਾ ਮੇਰੇ ਲਈ ਐਨ੍ਹਾ ਅਜੂਬਾ ਸੀ ਕਿ ਮੇਰੀ ਅਵਸਥਾ ਅਜਿਹੀ ਹੋ ਗਈ ਕਿ ਨੇੜੇ ਸੀ ਕਿ ਇਸ ਤਹਿਲਕੇ ਕਰਕੇ ਮੈਂ ਜਾਗ ਜਾਂਦਾ । ਮੇਰੇ ਮੂੰਹੋਂ ਇਹ ਕੀ ਸ਼ਬਦ ਨਿਕਲ ਗਏ ਹਨ । ਬਾਦ ਵਿੱਚ ਮੇਰੇ ਕਈ ਮਿਤੱਰਾਂ ਨੇ ਧਿਆਨ ਦੁਆਇਆ ਕਿ ਮਸੀਹੀ ਨਫ਼ਸ ਹੋਣ ਦਾ ਵਰਨਣ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਇਸ਼ਤਿਹਾਰ ਮਿਤੀ **20** ਫ਼ਰਵਰੀ **1886** ਈ. ਵਿੱਚ ਵੀ ਆਉਂਦਾ ਹੈ ਕਿ ਉਹ ਦੁਨੀਆ ਵਿੱਚ ਆਏਗਾ ਅਤੇ ਆਪਣੇ ਮਸੀਹੀ ਨਫ਼ਸ ਅਤੇ ਰੂਹ ਦੀ ਸਚੱਾਈ ਦੀਆਂ ਬਰਕਤਾਂ ਨਾਲ ਬਹੁਤਿਆਂ ਨੂੰ ਰੋਗਾਂ ਤੋਂ ਮੁਕਤ ਕਰੇਗਾ । ਇਸ ਭਵਿੱਖਬਾਣੀ ਵਿੱਚ ਵੀ ਮਸੀਹ ਦਾ ਸ਼ਬਦ ਵਰਤਿਆ ਗਿਆ ਹੈ । ਦੂਜਾ ਮੈਂ ਸੁਪਨੇ ਵਿੱਚ ਦੇਖਿਆ ਕਿ ਮੈਂ ਬੁੱਤ ਤੁੜਵਾਏ ਹਨ । ਇਸ ਦਾ ਸੰਕੇਤ ਵੀ ਇਸ ਭਵਿੱਖਬਾਣੀ ਦੇ ਦੂਜੇ ਭਾਗ ਵਿੱਚ ਪਾਇਆ ਜਾਂਦਾ ਹੈ ਕਿ ਉਹ ਰੂਹੁਲ ਹੱਕ (ਆਤਮਾ ਦੀ ਸਚੱਾਈ) ਦੀ ਬਰਕਤ ਨਾਲ ਬਹੁਤਿਆਂ ਨੂੰ ਬਿਮਾਰੀਆਂ ਤੋਂ ਸਾਫ਼ ਕਰੇਗਾ । ਸੋ, ਰੂਹੁਲ ਹੱਕ ਤੋਂ ਭਾਵ ਤੌਹੀਦ (ਇਕ ਈਸ਼ਵਰਵਾਦ) ਦੀ ਰੂਹ ਹੈ । ਤੀਜਾ ਮੈਂ ਇਹ ਵੀ ਦੇਖਿਆ ਕਿ ਮੈਂ ਦੌੜਦਾ ਹਾਂ ਅਤੇ ਧਰਤੀ ਮੇਰੇ ਪੈਰ੍ਹਾਂ ਹੇਠ ਸਿਮਿਟਦੀ ਜਾਂਦੀ ਹੈ । ‘ਪਿਸਰੇ ਮਊਦ’ ਦੀ ਭਵਿੱਖਬਾਣੀ ਵਿੱਚ ਵੀ ਇਹੋ ਸ਼ਬਦ ਹਨ ਕਿ ਉਹ ਛੇਤੀ ਛੇਤੀ ਵਧੇਗਾ । ਇਸੇ ਪ੍ਰਕਾਰ ਸੁਪਨੇ ਵਿੱਚ ਮੈਂ ਦੇਖਿਆ ਕਿ ਮੈਂ ਕੁਝ ਗ਼ੈਰ ਮੁਲਕਾਂ (ਵਿਦੇਸ਼ਾਂ) ਵੱਲ ਗਿਆ ਹਾਂ ਅਤੇ ਫਿਰ ਮੈਂ ਓਥੇ ਵੀ ਆਪਣਾ ਕੰਮ ਖ਼ਤਮ ਨਹੀਂ ਕੀਤਾ ਸਗੋਂ ਹੋਰ ਅੱਗੇ ਜਾਣ ਦਾ ਨਿਸ਼ਚਾ ਕਰ ਰਿਹਾ ਹਾਂ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਉਪੱਰ ਜੋ ਰੱਬ ਨੇ ਜੋ ਕਲਾਮ ਨਾਜ਼ਲ ਕੀਤਾ ਉਸ ਵਿੱਚ ਵੀ ਇਹ ਸੰਕੇਤ ਪਾਇਆ ਜਾਂਦਾ ਹੈ ਕਿ, ਜਿਵੇਂ ਕਿ ਲਿੱਖਿਆ ਹੈ ਕ ਉਹ ਧਰਤੀ ਦੇ ਕੰਢਿਆਂ ਤੱਕ ਪ੍ਰਸਿੱਧੀ ਪ੍ਰਾਪਤ ਕਰੇਗਾ । ਫਿਰ ਇਹ ਭਵਿੱਖਬਾਣੀ ਵਿੱਚ ਵਰਨਣ ਆਉਂਦਾ ਹੈ ਕਿ ਉਹ ਪ੍ਰਕਟ ਤੇ ਗੁਪਤ ਗਿਆਨ ਨਾਲ ਭਰਪੂਰ ਕੀਤਾ ਜਾਵੇਗਾ । ਇਸ ਪਾਸੇ ਵੀ ਮੇਰੇ ਸੁਪਨੇ ਵਿੱਚ ਸੰਕੇਤ ਕੀਤਾ ਗਿਆ ਹੈ, ਜਿਵੇਂ ਕਿ ਮੈਂ ਸੁਪਨੇ ਵਿੱਚ ਵੱਡੇ ਜ਼ੋਰ ਨਾਲ ਕਹਿ ਰਿਹਾ ਹਾਂ ਕਿ ਮੈਂ ਉਹ ਹਾਂ ਜਿਸ ਨੂੰ ਇਸਲਾਮ ਦਾ ਗਿਆਨ ਅਰਬੀ ਭਾਸ਼ਾ ਦਾ ਗਿਆਨ ਅਤੇ ਇਸ ਭਾਸ਼ਾ ਦਾ ਫ਼ਲਸਫ਼ਾ ਮਾਂ ਦੀ ਗੋਦ ਵਿੱਚ ਉਸ ਦੀਆਂ ਦੋਹਾਂ ਛਾਤੀਆਂ ਰਾਹੀਂ ਦੁੱਧ ਨਾਲ ਪਿਲਾਏ ਗਏ ਸਨ । ਫਿਰ ਲਿੱਖਿਆ ਸੀ ਉਹ ਜਲਾਲ ਇਲਾਹੀ ਪ੍ਰਗਟਾਵੇ ਦਾ ਮੂਜਬ ਹੋਵੇਗਾ । ਇਸ ਬਾਰੇ ਵੀ ਸੁਪਨੇ ਵਿੱਚ ਵਿਸਥਾਰ ਪਾਇਆ ਜਾਂਦਾ ਹੈ ਜਿਵੇਂ ਕਿ ਮੈਂ ਦੱਸਿਆ ਕਿ ਸੁਪਨੇ ਵਿੱਚ ਮੇਰੀ ਜੀਭ ਉਪੱਰ ਅਧਿਆਤਮਕਤਾ ਕੀਤੀ ਗਈ ਅਤੇ ਰੱਬ ਨੇ ਫਿਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਅਤੇ

ਫਿਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਮੇਰੇ ਮੂੰਹ ਰਾਹੀਂ ਬੋਲਣਾ ਸ਼ੁਰੂ ਕਰ ਦਿੱਤਾ । ਇਹ ਇਲਾਹੀ ਜਲਾਲ ਦਾ ਅਦਭੁਤ ਰੂਪ ਸੀ । ਜਿਸ ਦੀ ਪੇਸ਼ਗੋਈ ਵਿੱਚ ਵੀ ਚਰਚਾ ਹੈ । ਸੋ, ਇਹ ਵੀ ਇਹਨਾਂ ਦੋਹਾਂ ਵਿੱਚ ਸਮਾਨਤਾ ਹੈ ।

ਫਿਰ ਲਿੱਖਿਆ ਸੀ, "ਉਹ ਸਾਹਿਬੇ ਸ਼ਿਕੋਹ ਔਰ ਅਜ਼ਮਤ ਔਰ ਦੌਲਤ ਹੋਗਾ" (ਉਹ ਮਹਾਂ ਪ੍ਰਤਾਪੀ, ਜਲਾਲ, ਵੈਭਵ, ਸ਼ਾਨ ਤੇ ਧਨਵਾਨ ਹੋਵੇਗਾ) ਇਹ ਸ਼ਬਦ ਹਨ ਭਵਿੱਖਬਾਣੀ ਦੇ ਅਤੇ ਸੁਪਨੇ ਵਿੱਚ ਵੀ ਇਹ ਦਿਖਾਇਆ ਗਿਆ ਹੈ ਕਿ ਇਕ ਕੌਮ ਹੈ ਜਿਸ ਵਿੱਚ ਮੈਂ ਇਕ ਮਨੁੱਖ ਨੂੰ ਲੀਡਰ ਨਿਰਧਾਰਤ ਕਰਦਾ ਹਾਂ ਅਤੇ ਇਹਨਾਂ ਸ਼ਬਦਾਂ ਵਿੱਚ ਜਿਵੇਂ ਇਕ ਸ਼ਕਤੀਸ਼ਾਲੀ ਬਾਦਸ਼ਾਹ ਆਪਣੇ ਅਧੀਨ ਨੂੰ ਕਹਿ ਰਿਹਾ ਹੁੰਦਾ ਹੈ, ਉਸ ਨੂੰ ਕਹਿੰਦਾ ਹਾਂ ਕਿ ਹੇ, ਅਬਦੁਸ਼ੱਕੂਰ ! ਤੁਸੀਂ ਮੇਰੇ ਸਾਹਮਣੇ ਇਸ ਗੱਲ ਦੇ ਜ਼ਿੰਮੇਦਾਰ ਹੋਵੋਗੇ ਕਿ ਤੁਹਾਡਾ ਦੇਸ਼ ਨੇੜੇ ਦੇ ਸਮੇਂ ਵਿੱਚ ਤੌਹੀਦ (ਇਕਈਸ਼ਵਰਵਾਦ) ਉਪੱਰ ਈਮਾਨ ਲੈ ਆਏ, ਸ਼ਿਰਕ (ਅਨੇਕ ਈਸ਼ਵਰਵਾਦ) ਨੂੰ ਛੱਡ ਦੇਵੇ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੀ ਸਿੱਖਿਆ ਉਪੱਰ ਅਮਲ ਕਰੇ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਆਦੇਸ਼ਾਂ ਨੂੰ ਸਾਹਮਣੇ ਰੱਖੇ । ਇਹ ਮਹਾਂ ਪ੍ਰਤਾਪੀ, ਜਲਾਲੀ ਤੇ ਵੈਭਵਸ਼ਾਲੀ ਦੇ ਹੀ ਸ਼ਬਦ ਹੋ ਸਕਦੇ ਹਨ ਜੋ ਸੁਪਨੇ ਵਿੱਚ ਮੇਰੇ ਮੂੰਹੋ ਅਰੰਭ ਕੀਤੇ ਗਏ ਅਤੇ ਪੇਸ਼ਗੋਈ ਵਿੱਚ ਜੋ ਇਹ ਵਰਨਣ ਆਉਂਦਾ ਹੈ ਕਿ ਅਸੀਂ ਉਸ ਵਿੱਚ ਆਪਣੀ ਰੂਹ (ਆਤਮਾ) ਪਾਵਾਂਗੇ ਇਹ ਇਸ ਗੱਲ ਵੱਲ ਸੰਕੇਤ ਸੀ ਕਿ ਉਸ 'ਤੇ ਇਲਾਹੀ ਕਲਾਮ ਉਤਰੇਗਾ ਅਤੇ ਸੁਪਨੇ ਵਿੱਚ ਵੀ ਇਸ ਦਾ ਵਰਨਣ ਆਉਂਦਾ ਹੈ ।

1936 ਈ ਵਿੱਚ ਸ਼ੂਰਾ (ਪ੍ਰਾਮਰਸ਼ ਸਭਾ) ਨੂੰ ਸੰਬੋਧਨ ਕਰਦਿਆਂ ਹੋਇਆਂ ਜਦੱ ਸਹਾਬਾ ਦੀ ਗਿਣਤੀ ਵੀ ਵੱਡੀ ਸੰਖਿਆ ਵਿੱਚ ਮੌਜੂਦ ਸੀ ਅਤੇ ਤਾਬਿਈਨ ਦੀ ਵੀ ਭਰਮਾਰ ਸੀ ਹਜ਼ਰਤ ਮੁਸਲਿਹ ਮਊਦ ਨੇ ਫ਼ਰਮਾਇਆ ਕਿ ਇਸ ਸਮੇਂ ਸਾਡੀ ਜਮਾਤ ਲਈ ਤਾਂ ਖ਼ਿਲਾਫ਼ਤ ਦਾ ਹੀ ਪ੍ਰਸ਼ਨ ਨਹੀਂ, ਦੋ ਹੋਰ ਪ੍ਰਸ਼ਨ ਵੀ ਹਨ ਇਕ ਤਾਂ ਨਬੁਵੱਤ ਦੇ ਨੇੜੇ ਦੇ ਜੁੱਗ ਦਾ ਪ੍ਰਸ਼ਨ ਅਤੇ ਦੂਜਾ ਮਊਦ ਖ਼ਿਲਾਫ਼ਤ ਦਾ ਪ੍ਰਸ਼ਨ । ਇਹ ਦੋਵੇਂ ਗੱਲਾਂ ਅਜਿਹੀਆਂ ਹਨ ਜੋ ਹਰ ਖ਼ਲੀਫ਼ਾ ਦੇ ਮੰਨ੍ਹਣ ਵਾਲੇ ਨੂੰ ਨਹੀਂ ਮਿਲ ਸਕਦੀਆਂ । ਉਸ ਜੁੱਗ ਦੇ ਲੋਕ ਤਾਂ ਵੱਖ ਰਹੇ ਖ਼ਲੀਫ਼ੇ ਵੀ ਇਸ ਗੱਲ ਦੇ ਮੁਥਾਜ ਹੋਣਗੇ ਕਿ ਸਾਡੇ ਕਥਨ, ਸਾਡੇ ਅਮਲ ਅਤੇ ਸਾਡੇ ਇਰਸ਼ਾਦ (ਲੇਖਣੀਆਂ) ਰਾਹੀਂ ਸੁਮਾਰਗ ਹਾਸਲ ਕਰਨ । ਮੈਂ ਇਸ ਲਈ ਖ਼ਲੀਫ਼ਾ ਨਹੀ ਕਿ ਹਜ਼ਰਤ ਖ਼ਲੀਫ਼ਾ ਅਵੱਲ ਦੀ ਵਫ਼ਾਤ ਦੇ ਦੂਜੇ ਦਿਨ ਜਮਾਤ ਅਹਮਦੀਆ ਦੇ ਲੋਕਾਂ ਨੇ ਇਕਤੱਰ ਹੋਕੇ ਕੇਰੀ ਖ਼ਿਲਾਫ਼ਤ ਉਪੱਰ ਏਕਤਾ ਕਰ ਲਈ ਸਗੋਂ ਇਸ ਲਈ ਵੀ ਖ਼ਲੀਫ਼ਾ ਹਾਂ ਕਿ ਹਜ਼ਰਤ ਖ਼ਲੀਫ਼ਾ ਅਵੱਲ ਦੀ ਖਿਲਾਫ਼ਤ ਤੋਂ ਵੀ ਪਹਿਲਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਰੱਬ ਦੇ ਇਲਹਾਮ ਰਾਹੀਂ ਇਹ ਫ਼ਰਮਾਇਆ ਸੀ ਕਿ ਮੈਂ ਖ਼ਲੀਫ਼ਾ ਹੋਵਾਂਗਾ । ਇਸ ਲਈ ਮੈਂ ਕੇਵਲ ਖ਼ਲੀਫ਼ਾ ਨਹੀਂ ਸਗੋਂ ਮਊਦ ਖ਼ਲੀਫ਼ਾ ਹਾਂ । ਮੈਂ ਮਾਮੂਰ ਨਹੀਂ ਪਰ ਮੇਰੀ ਆਵਾਜ਼ ਰੱਬ ਦੀ ਆਵਾਜ਼ ਹੈ ਕਿ ਰੱਬ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਰਾਹੀਂ ਇਸ ਦੀ ਖ਼ਬਰ ਦਿੱਤੀ ਸੀ । ਭਾਵ ਇਸ ਖ਼ਿਲਾਫ਼ਤ ਦਾ ਮੁਕਾਮ ਮਾਮੂਰੀਯਤ ਅਤੇ ਖ਼ਿਲਾਫ਼ਤ ਦੇ ਵਿਚਕਾਰ ਦਾ ਸਥਾਨ ਹੈ ਅਤੇ ਇਹ ਮੌਕਾ ਅਜਿਹਾ ਨਹੀਂ ਹੈ ਕਿ ਜਮਾਤ ਅਹਮਦੀਆ ਇਸ ਨੂੰ ਅਜਾਈਂ ਹੀ ਜਾਣ ਦੇਵੇ ਅਤੇ ਫਿਰ ਰੱਬ ਦੀ ਹਜ਼ੂਰੀ ਵਿੱਚ ਦੋਸ਼ ਮੁਕਤ ਹੋ ਜਾਵੇ । ਜਿਵੇਂ ਇਹ ਗੱਲ ਠੀਕ ਹੈ ਕਿ 'ਨਬੀ' ਰੋਜ਼ ਨਹੀਂ ਆਉਂਦੇ, ਇਸੇ ਪ੍ਰਕਾਰ ਇਹ ਵੀ ਠੀਕ ਹੈ ਕਿ ਮਊਦ ਖ਼ਲੀਫ਼ੇ ਵੀ ਰੋਜ਼ ਨਹੀਂ ਆਉਂਦੇ ।

ਫਿਰ ਲੋਕਾਂ ਦੇ ਇਹ ਆਖਣ 'ਤੇ ਕਿ ਜੇਕਰ ਆਪ ਮੁਸਲਿਹ ਮਊਦ ਹਨ ਤਾਂ ਫਿਰ ਘੋਸ਼ਣਾ ਕਿਉਂ ਨਹੀਂ ਕਰਦੇ । ਇਸ'ਤੇ ਆਪ ਨੇ ਫ਼ਰਮਾਇਆ ਕਿ ਲੋਕਾਂ ਨੇ ਜਤਨ ਵੀ ਕੀਤੇ ਹਨ ਕਿ ਮੈਥੋਂ ਦਾਵਾ ਕਰਾਉਣ ਕਿ ਮੈਂ ਮੁਸਲਿਹ ਮਊਦ ਹਾਂ, ਪਰ ਮੈਂ ਕਦੇ ਇਸ ਦੀ ਲੋੜ ਨਹੀਂ ਸਮਝੀ । ਜੇਕਰ ਮੈਂ ਮੁਸਲਿਹ ਮਊਦ ਹਾਂ ਤਾਂ ਮੇਰੇ ਦਾਵਾ ਨ ਕਰਨ ਨਾਲ ਮੇਰੀ ਪੁਜ਼ੀਸ਼ਨ ਵਿੱਚ ਕੋਈ ਫ਼ਰਕ ਨਹੀਂ ਪੈਂਦਾ । ਫ਼ਰਮਾਇਆ ਕਿ ਮੇਰਾ ਅਕੀਦਾ ਹੈ ਕਿ ਜੋ ਪੇਸ਼ਗੋਈ ਗ਼ੈਰ ਮਾਮੂਰ ਬਾਰੇ ਹੋਵੇ ਉਸ ਲਈ ਦਾਵਾ ਕਰਨਾ ਜ਼ਰੂਰੀ ਨਹੀਂ, ਫਿਰ ਅਜਿਹੇ ਦਾਵੇ ਦੀ ਮੈਨੂੰ ਕੀ ਲੋੜ ਹੈ ।

ਫਿਰ 1944 ਈ. ਜੱਦ ਆਪ ਨੇ ਮੁਸਲਿਹ ਮਊਦ ਹੋਣ ਦਾਵਾ ਕੀਤਾ, ਘੋਸ਼ਣਾ ਕੀਤੀ ਤਾਂ ਆਪ ਨੇ ਫ਼ਰਮਾਇਆ, ਸਾਡੀ ਜਮਾਤ ਦੇ ਸਜੱਣਾ ਨੇ ਇਹ ਅਤੇ ਹੋਰ ਇਸੇ ਪ੍ਰਕਾਰ ਦੀਆਂ ਭਵਿਖੱਬਾਨੀਆਂ ਵਾਰ ਵਾਰ ਮੇਰੇ ਸਾਹਮਣੇ ਰੱਖੀਆਂ ਅਤੇ ਹੱਠ ਕੀਤਾ ਕਿ ਮੈਂ ਆਪਣੇ ਆਪ ਨੂੰ ਉਹਨਾਂ ਦਾ ਚਰਿਤਾਰਥ ਪ੍ਰਕਟ ਕਰਾਂ । ਦੁਨੀਆ ਨੇ ਇਹ ਪ੍ਰਸ਼ਨ ਐਨ੍ਹੀ ਵਾਰ ਕੀਤਾ ਐਨ੍ਹੀ ਵਾਰ ਕੀਤਾ ਕਿ ਇਸ'ਤੇ ਇਕ ਲੰਮਾ ਸਮਾਂ ਲੰਘ ਗਿਆ । ਇਸ ਲੰਮੇ ਸਮੇਂ ਬਾਰੇ ਵੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਇਲਹਾਮਾਂ ਵਿੱਚ ਖ਼ਬਰ ਮੌਜੂਦ ਹੈ ਕਿ ਰੱਬ ਦੀ ਇੱਛਾ ਹੇਠ ਇਹ ਇਕ ਲੰਮੇ ਸਮੇਂ ਮਗਰੋਂ ਪ੍ਰਕਟ ਹੋਵੇਗੀ । ਸਾਡੀ ਜਮਾਤ ਦੇ ਲੋਕ ਕਿਉਂਕਿ ਮੇਰੀ ਵੱਲ ਇਹਨਾਂ ਭਵਿਖੱਬਾਣੀਆਂ ਨੂੰ

ਮੜ੍ਹਿਆ ਕਰਦੇ ਸਨ । ਇਸ ਲਈ ਮੈਂ ਸਦਾ ਹੀ ਇਹਨਾਂ ਪੇਸ਼ਗੋਈਆਂ ਨੂੰ ਗ਼ੌਰ ਨਾਲ ਪੜ੍ਹਨ ਤੋਂ ਸੰਕੋਚ ਕਰਦਾ ਸੀ ਕਿ ਕੋਈ ਗ਼ਲਤ ਵਿੱਚਾਰ ਕਾਇਮ ਨ ਹੋ ਜਾਵੇ । ਪਰ ਅੱਜ ਪਹਿਲੀ ਵਾਰ ਮੈਂ ਉਹ ਸਾਰੀਆਂ ਭਵਿੱਖਬਾਣੀਆਂ ਪੜ੍ਹੀਆਂ ਅਤੇ ਹੁਣ ਉਹਨਾਂ ਭਵਿੱਖਬਾਣੀਆਂ ਨੂੰ ਪੜ੍ਹਨ ਦੇ ਬਾਦ ਰੱਬ ਦੀ ਮਿਹਰ ਨਾਲ ਵਿਸ਼ਵਾਸ ਤੇ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਰੱਬ ਨੇ ਇਹ ਭਵਿਖੱਬਾਣੀਆਂ ਮੇਰੇ ਰਾਹੀਂ ਹੀ ਪੂਰੀਆਂ ਕੀਤੀਆਂ ਹਨ । ਜਾਂ ਤਾਂ ਉਹ ਸਮਾਂ ਸੀ ਕਿ ਜੱਦ ਆਪ ਨੇ ਫ਼ਰਮਾਇਆ ਕਿ ਮੈਂਨੂੰ ਲੋੜ ਨਹੀਂ ਕਿ ਕਿਸੇ ਪ੍ਰਕਾਰ ਦੀ ਘੋਸ਼ਣਾ ਕਰਾਂ ਅਤੇ ਉਹ ਸਮਾਂ ਵੀ ਆਇਆ ਕਿ ਜੱਦ ਆਪ ਉਪੱਰ ਰੱਬ ਨੇ ਸਪਸ਼ਟ ਕਰ ਦਿੱਤਾ, ਖੋਲ ਦਿੱਤਾ ਕਿ ਆਪ ਹੀ ਉਹ ਮੁਸਲਿਹ ਮਊਦ ਹਨ । ਇਸ ਲਈ ਐਲਾਨ ਕਰਨ ਤਾਂ ਉਸ ਸਮੇਂ ਆਪ ਨੇ ਖੰਡਨ ਕਰਨ ਵਾਲਿਆਂ ਅਤੇ ਨ ਮੰਨ੍ਹਣ ਵਾਲਿਆਂ ਨੂੰ ਖੁੱਲਾ ਚੈਲੰਜ ਦਿੱਤਾ । ਆਪ ਨੇ ਫ਼ਰਮਾਇਆ ਕਿ ਮੈਂ ਕਹਿੰਦਾ ਹਾਂ ਅਤੇ ਰੱਬ ਦੀ ਸੰਹੁ ਖਾਕੇ ਕਹਿੰਦਾ ਹਾਂ ਕਿ ਮੈਂ ਹੀ ਮੁਸਲਿਹ ਮਊਦ ਦੀ ਪੇਸ਼ਗੋਈ ਦਾ ਚਰਿਤਾਰਥ ਹਾਂ ਅਤੇ ਮੈਂਨੂੰ ਹੀ ਰੱਬ ਨੇ ਇਹਨਾਂ ਭਵਿਖੱਬਾਣੀਆਂ ਦਾ ਚਰਿਤਾਰਥ ਬਣਾਇਆ ਹੈ ਜੋ ਇਕ ਆਉਣ ਵਾਲੇ ਮਊਦ ਬਾਰੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਫ਼ਰਮਾਈਆਂ ਸਨ । ਜੋ ਮਨੁੱਖ ਇਹ ਸਮਝਦਾ ਹੈ ਕਿ ਮੈਂ ਇਸ ਬਾਰੇ ਝੂਠ ਤੋਂ ਕੰਮ ਲਿਆ ਹੈ ਜਾਂ ਇਸ ਬਾਰੇ ਝੂਠ ਤੇ ਗ਼ਲਤ ਬਿਆਨੀ ਦਾ ਅਪਰਾਧ ਕੀਤਾ ਹੈ ਉਹ ਆਏ ਅਤੇ ਇਸ ਮਾਮਲੇ ਵਿੱਚ ਮਰੇ ਨਾਲ ਮੁਬਾਹਿਲਾ (ਸੱਚ ਤੇ ਝੂਠ ਦੇ ਨਿਬੇੜੇ ਲਈ ਰੱਬੀ ਪ੍ਰਕੋਪ ਲਈ ਦੁਆਵਾਂ ਕਰਨੀਆਂ । ਅਨੁਵਾਦਕ) ਕਰ ਲਵੇ । ਅਤੇ ਫਿਰ ਰੱਬ ਆਪ ਹੀ ਆਪਣੇ ਆਕਾਸ਼ੀ ਨਿਸ਼ਾਨਾ ਰਾਹੀਂ ਫ਼ੈਸਲਾ ਕਰ ਦੇਵੇਗਾ ਕਿ ਕੌਣ ਝੂਠਾ ਹੈ ਤੇ ਕੌਣ ਸਚੱਾ ।

ਫਿਰ ਪੇਸ਼ਗੋਈ ਦੇ ਜੋ ਕੁਝ ਭਾਗ ਸਨ ਉਹਨਾਂ ਦੇ ਕੁਝ ਹਿੱਸੇ ਵਰਨਣ ਕਰਦਾ ਹਾਂ । ਉਧਾਰਣ ਲਈ ਇਕ ਭਾਗ ਸੀ ਕਿ ਉਹ ਪ੍ਰਗਟ ਗਿਆਨ ਨਾਲ ਭਰਪੂਰ ਕੀਤਾ ਜਾਵੇਗਾ । ਪੇਸ਼ਗੋਈ ਦੇ ਇਹਨਾਂ ਸ਼ਬਦਾਂ ਕਿ 'ਉਹ ਉਲੂਮੇ ਜ਼ਾਹਿਰੀ ਸੇ ਪੁਰ ਕਿਆ ਜਾਏਗਾ' ਦੇ ਇਹ ਅਰਥ ਹਨ ਕਿ ਉਸ ਨੂੰ ਰੱਬ ਵੱਲੋਂ ਧਰਮ ਤੇ ਕੁਰਆਨ ਕਰੀਮ ਦੇ ਗਿਆਨ ਸਿਖਾਏ ਗਾਣਗੇ ਅਤੇ ਰੱਬ ਆਪ ਉਸਦਾ ਅਧਿਆਪਕ ਹੋਵੇਗਾ । ਫ਼ਰਮਾਇਆ ਕਿ ਮੇਰੀ ਸਿੱਖਿਆ ਜਿਸ ਢੰਗ ਨਾਲ ਹੋਈ ਹੈ ਉਹ ਆਪਣੇ ਆਪ ਪ੍ਰਕਟ ਕਰਦੀ ਹੈ ਕਿ ਮਨੁੱਖੀ ਹੱਥ ਮੇਰੀ ਸਿੱਖਿਆ ਵਿੱਚ ਨਹੀਂ ਸੀ । ਫਿਰ ਆਪ ਫ਼ਰਮਾਉਂਦੇ ਹਨ ਕਿ ਰੱਬ ਨੇ ਆਪਣੇ ਫ਼ਰਿਸ਼ਤੇ ਰਾਹੀਂ ਮੈਂਨੂੰ ਕੁਰਆਨ ਕਰੀਮ ਦਾ ਗਿਆਨ ਪ੍ਰਦਾਨ ਕੀਤਾ ਅਤੇ ਮੇਰੇ ਅੰਦਰ ਉਸ ਨੇ ਇਕ ਅਜਿਹਾ ਕੌਸ਼ਲ ਪੈਦਾ ਕਰ ਦਿੱਤਾ ਜਿਵੇਂ ਕਿਸੇ ਨੂੰ ਖ਼ਜ਼ਾਨੇ ਦੀ ਕੁੰਜੀ ਮਿਲ ਜਾਂਦੀ ਹੈ ਇਸੇ ਪ੍ਰਕਾਰ ਮੈਂਨੂੰ ਕੁਰਆਨ ਕਰੀਮ ਦੇ ਗਿਆਨ ਦੀ ਕੁੰਜੀ ਮਿਲ ਚੁੱਕੀ ਹੈ । ਦੁਨੀਆ ਦਾ ਕੋਈ ਆਲਮ ਵਿਦਵਾਨ ਨਹੀਂ ਜੋ ਮੇਰੇ ਸਾਹਮਣੇ ਆਏ ਅਤੇ ਮੈਂ ਦਾਵਾ ਕਰਦਾ ਹਾਂ ਕਿ ਮੈਂ ਰੱਬ ਦੇ ਕਲਾਮ ਰਾਹੀਂ ਉਸ ਨੂੰ ਉਤੱਰ ਦਿਆਂ ਗਾ ਅਤੇ ਕੁਰਆਨ ਕਰੀਮ ਦੀਆਂ ਆਇਤਾਂ ਰਾਹੀਂ ਹੀ ਉਸ ਦੇ ਇਤਰਾਜ਼ਾਂ ਨੂੰ ਰੱਦ ਕਰਕੇ ਦਿਖਾ ਦਿਆਂਗਾ । ਇਕ ਥਾਂ ਆਪ ਫ਼ਰਮਾਉਂਦੇ ਹਨ ਖ਼ੁੱਦ ਇਸ ਲਿਖਾਰੀ ਨੇ ਕਈ ਗਿਆਨ ਫ਼ਰਿਸ਼ਤਿਆਂ ਰਾਹੀਂ ਸਿੱਖੇ ਹਨ । ਮੈਂਨੂੰ ਇਕ ਵਾਰ ਇਕ ਫ਼ਰਿਸ਼ਤੇ ਨੇ ਸੂਰਤ ਫ਼ਾਤਿਹਾ ਦੀ ਵਿਆਖਿਆ ਪੜ੍ਹਾਈ ਅਤੇ ਉਸ ਸਮੇਂ ਤੋਂ ਲੈਕੇ ਇਸ ਸਮੇਂ ਤੱਕ ਸੂਰਤ ਫ਼ਾਤਿਹਾ ਦੇ ਐਨ੍ਹੇ ਵਿਸਥਾਰ ਪੂਰਬਕ ਅਰਥ ਮੇਰੇ ਉਪੱਰ ਖੁੱਲੇ ਹਨ ਕਿ ਉਹਨਾਂ ਦੀ ਕੋਈ ਸੀਮਾ ਹੀ ਨਹੀਂ ਹੈ ਅਤੇ ਮੇਰਾ ਦਾਵਾ ਹੈ ਕਿ ਕਿਸੇ ਵੀ ਧਰਮ ਜਾਂ ਕੌਮ ਦਾ ਵਿਅਕਤੀ ਆਤਮਕ ਗਿਆਨ ਵਿੱਚ ਕਿਸੇ ਵੀ ਵਿਸ਼ੇ ਬਾਰੇ ਜੋ ਕੁਝ ਉਹ ਆਪਣੀ ਸਾਰੀ ਕਿਤਾਬ ਵਿੱਚੋਂ ਕੱਢ ਸਕਦਾ ਹੈ, ਉਸ ਤੋਂ ਵੱਧਕੇ ਵਿਸ਼ਾ ਮੈਂ ਰੱਬ ਦੀ ਅਪਾਰ ਕ੍ਰਿਪਾ ਨਾਲ ਕੇਵਲ ਸੂਰਤ ਫ਼ਾਤਿਹਾ ਵਿੱਚੋਂ ਕੱਢ ਸਕਦਾ ਹਾਂ । ਫਿਰ ਆਪ ਨੇ ਫ਼ਰਮਾਇਆ ਕਿ ਖ਼ਿਲਾਫ਼ਤ ਦੇ ਅਹੁਦੇ ਨੂੰ ਸੰਭਾਲਣ ਦੇ ਬਾਦ ਅਲੱਾਹ ਤਆਲਾ ਨੇ ਮੇਰੇ ਉਪੱਰ ਕੁਰਆਨ ਕਰੀਮ ਦੇ ਗਿਆਨ ਐਨ੍ਹੀ ਮਾਤਰਾ ਵਿੱਚ ਖੋਲੇ ਕਿ ਹੁਣ ਕਿਯਾਮਤ ਤੱਕ ਉਮੱਤੇ ਮੁਸਲਿਮਾ ਇਸ ਗੱਲ ਲਈ ਮਜਬੂਰ ਹੈ ਕਿ ਮੇਰੀਆਂ ਕਿਤਾਬਾਂ ਨੂੰ ਪੜ੍ਹੇ ਅਤੇ ਉਹਨਾਂ ਤੋਂ ਲਾਭ ਉਠਾਏ ।

ਫਿਰ ਇਕ ਹੋਰ ਥਾਂ ਆਪ ਫ਼ਰਮਾਉਂਦੇ ਹਨ ਕਿ 1907 ਈ. ਵਿੱਚ ਮੈਂ ਸਭ ਤੋਂ ਪਹਿਲੀ ਵਾਰ ਪਬਲਿਕ ਤਕਰੀਰ ਕੀਤੀ । ਉਸ ਸਮੇਂ ਹਜ਼ਰਤ ਖ਼ਲੀਫ਼ਾ ਤੁਲ ਮਸੀਹ ਅਵੱਲ ਵੀ ਮੌਜੂਦ ਸਨ । ਜੱਦ ਮੈਂ ਤਕਰੀਰ ਖ਼ਤਮ ਕਰਕੇ ਬੈਠਾ ਤਾਂ ਮੈਂਨੂੰ ਚੇਤੇ ਹੈ ਕਿ ਹਜ਼ਰਤ ਖ਼ਲੀਫ਼ ਅਵੱਲ ਨੇ ਖੜੇ ਹੋਕੇ ਫ਼ਰਮਾਇਆ, ਮੀਆਂ ਮੈਂ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਤੁਸੀਂ ਅਜਿਹੀ ਚੰਗੀ ਤਕਰੀਰ ਕੀਤੀ ਹੈ । ਮੈਂ ਤੁਹਾਨੂੰ ਇਹ ਖ਼ੁਸ਼ ਕਰਨ ਲਈ ਨਹੀਂ ਕਹਿ ਰਿਹਾ । ਮੈਂ ਤੁਹਾਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਮੈਂ ਬਹੁਤ ਪੜ੍ਹਨ ਵਾਲਾ ਹਾਂ ਅਤੇ ਮੈਂ ਵੱਡੀਆਂ ਵੱਡੀਆਂ ਵਿਆਖਿਆਵਾਂ ਪੜ੍ਹੀਆਂ ਹਨ ਪਰ ਮੈਂ ਵੀ ਅੱਜ ਤੁਹਾਡੀ ਤਕਰੀਰ ਵਿੱਚ ਕੁਰਆਨ ਕਰੀਮ ਦੇ ਉਹ ਅਰਥ ਸੁਣੇ ਹਨ ਜੋ ਪਹਿਲੀਆਂ ਵਿਆਖਿਆਵਾਂ ਵਿੱਚ ਹੀ ਨਹੀਂ ਸਗੋਂ ਮੈਂਨੂੰ ਪਹਿਲਾਂ ਪਤਾ ਹੀ ਨਹੀਂ ਸਨ ।

'ਉਹ ਉਲੂਮੇ ਬਾਤਨੀ ਸੇ ਪੁਰ ਕੀਆ ਜਾਏਗਾ' (ਉਹ ਅੰਤਰਗਿਆਨ ਨਾਲ ਭਰਪੂਰ ਕੀਤਾ ਜਾਵੇਗਾ) ਇਸ ਬਾਰੇ ਮੈਂ ਦਸਦਾ ਹਾਂ । ਆਪ ਫ਼ਰਮਾਉਂਦੇ ਹਨ ਕਿ 'ਬਾਤਨੀ ਉਲੂਮ' (ਅੰਤਰਗਿਆਨ) ਤੋਂ ਭਾਵ ਵਿਸ਼ੇਸ਼ ਗਿਆਨ ਹਨ ਜੋ ਰੱਬ ਵੱਲੋਂ ਵਿਸ਼ੇਸ਼ ਹਨ । ਜਿਵੇਂ ਗ਼ੈਬੀ ਗਿਆਨ ਹੈ ਜਿਸ ਨੂੰ ਉਹ ਆਪਣੇ ਬੰਦਿਆਂ ਉਪੱਰ ਪ੍ਰਕਟ ਕਰਦਾ ਹੈ ਜਿਸ ਨੂੰ ਉਹ ਦੁਨੀਆ ਵਿੱਚ ਕੋਈ ਵਿਸ਼ੇਸ਼ ਸੇਵਾ ਸੁਪੁਰਦ ਕਰਦਾ ਹੈ ਤਾਂ ਜੋ ਰੱਬ ਨਾਲ ਉਹਨਾਂ ਦੇ ਵਿਸ਼ੇਸ਼ ਸੰਬੰਧ ਪ੍ਰਕਟ ਹੋਵੇ ਅਤੇ ਉਹ ਉਹਨਾਂ ਰਾਹੀਂ ਲੋਕਾਂ ਦਾ ਈਮਾਨ ਤਾਜ਼ਾ ਕਰ ਸਕਣ । ਸੋ, ਇਸ ਪੱਖ ਵਿੱਚ ਵੀ ਰੱਬ ਨੇ ਮੇਰੇ ਨਾਲ ਵਿਸ਼ੇਸ਼ ਕ੍ਰਿਪਾ ਕੀਤੀ ਹੈ ਅਤੇ ਸੈਂਕੜਿਆਂ ਸੁਪਨਿਆਂ ਤੇ ਅਤੇ ਇਲਹਾਮਾਂ ਰਾਹੀਂ ਜੋ ਗ਼ੈਬੀ ਗਿਆਨ ਉਪੱਰ ਅਧਾਰਤ ਹਨ ਮੈਨੂੰ ਦੱਸਿਆ । ਫ਼ਰਮਾਉਂਦੇ ਹਨ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਜੀਵਨ ਵਿੱਚ ਹੀ ਜੱਦ ਕਿ ਖ਼ਿਲਾਫ਼ਤ ਦਾ ਕੋਈ ਸਵਾਲ ਹੀ ਮਨ ਵਿੱਚ ਪੈਦਾ ਨਹੀਂ ਹੋ ਸਕਦਾ ਸੀ, ਮੈਨੂੰ ਰੱਬ ਵੱਲੋਂ ਇਲਹਾਮ ਹੋਇਆ, ਇਹ ਉਹੋ ਆਇਤ ਹੈ ਜੋ ਹਜ਼ਰਤ ਈਸਾ ਅਲੈਹਿਸਲਾਮ ਬਾਰੇ ਕੁਰਆਨ ਕਰੀਮ ਵਿੱਚ ਆਉਂਦੀ ਹੈ, ਪਰ ਓਥੇ ਸ਼ਬਦ ਇਹ ਹਨ ਕਿ ਮੈਂ ਤੇਰੇ ਇਨਕਾਰੀਆਂ ਉਪੱਰ ਤੇਰੇ ਮੋਮਨਾ ਨੂੰ ਕਿਯਾਮਤ ਤੱਕ ਗ਼ਲਬਾ ਦੇਣ ਵਾਲਾ ਹਾਂ, ਪਰ ਮੈਨੂੰ ਜੋ ਇਲਹਾਮ ਹੋਇਆ ਉਹ ਪਹਿਲਾਂ ਤੋਂ ਅਧਿਕ ਤਾਕੀਦੀ (ਆਦੇਸ਼ਕ) ਹੈ । ਅਰਥਾਤ "ਮੈਂ ਆਪਣੇ ਵੁਜੂਦ ਦੀ ਸੰਹੁ ਖਾਕੇ ਕਹਿੰਦਾ ਹਾਂ ਕਿ ਮੈਂ ਨਿਸ਼ਚੇ ਹੀ ਤੇਰੇ ਮੰਨ੍ਹਣ ਵਾਲਿਆਂ ਨੂੰ ਤੇਰੇ ਇਨਕਾਰੀਆਂ ਉਪੱਰ ਗ਼ਲਬਾ ਦਿਆਂਗਾ ।" ਇਹ ਇਲਹਾਮ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਸੁਣਾਇਆ ਅਤੇ ਆਪ ਨੇ ਉਸ ਨੂੰ ਲਿੱਖ ਲਿਆ । ਮੈਂ ਇਕ ਲੰਮੇ ਸਮੇਂ ਤੋਂ ਇਹ ਇਲਹਾਮ ਸਜੱਣਾ ਮਿਤੱਰਾਂ ਨੂੰ ਸੁਣਾਉਂਦਾ ਆ ਰਿਹਾ ਹਾਂ ਇਸ ਦੇ ਸਿੱਟੇ ਵਿੱਚ ਦੇਖੋ ਕਿ ਕਿਵੇਂ ਕਿਵੇਂ ਮੇਰੀ ਵਿਰੋਧਤਾ ਹੋਈ, ਪਰ ਰੱਬ ਨੇ ਮੈਨੂੰ ਫ਼ਤਿਹ ਬਖਸ਼ੀ ।

ਫਿਰ ਫ਼ਰਮਾਉਂਦੇ ਹਨ ਕਿ ਮੈਂ ਰੱਬ ਦੀ ਮਿਹਰ ਨਾਲ ਕਈ ਢੰਗਾ ਨਾਲ ਤਿੰਨ ਨੂ ਚਾਰ ਕਰਨ ਵਾਲਾ ਹਾਂ । ਅਵੱਲ ਇਸ ਪ੍ਰਕਾਰ ਕਿ ਮੈਥੋਂ ਪਹਿਲਾਂ ਮਿਰਜ਼ਾ ਸੁਲਤਾਨ ਅਹਮਦ ਸਾਹਬ, ਮਿਰਜ਼ਾ ਫ਼ਜ਼ਲ ਅਹਮਦ ਸਾਹਬ ਅਤੇ ਬਸ਼ੀਰ ਅਵੱਲ ਪੈਦਾ ਹੋਏ ਅਤੇ ਚੋਥਾ ਮੈਂ ਹੋਇਆ । ਦੂਜੇ ਇਸ ਪ੍ਰਕਾਰ ਕਿ ਮੇਰੇ ਬਾਦ ਹਜ਼ਰਤ ਮਸੀਹ ਮਊਦ ਅਲੈਹਿ ਨਲਾਮ ਦੇ ਤਿੰਨ ਪੁਤੱਰ ਹੋਏ, ਇਸ ਪ੍ਰਕਾਰ ਮੈਂ ਉਹਨਾਂ ਤਿੰਨਾ ਨੂੰ ਚਾਰ ਕਰ ਦਿੱਤਾ । ਤੀਜਾ ਇਸ ਪ੍ਰਕਾਰ ਕਿ ਅਸੀਂ ਕੇਵਲ ਤਿੰਨ ਭਾਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਉਪੱਰ ਈਮਾਨ ਰਖਣ ਦੇ ਪੱਖੋਂ ਆਪ ਦੇ ਰੂਹਾਨੀ ਪੁਤੱਰਾਂ ਵਿੱਚ ਸ਼ਾਮਲ ਸਨ । ਮਿਰਜ਼ਾ ਸੁਲਤਾਨ ਅਹਮਦ ਸਾਹਬ ਆਪ ਦੀ ਰੂਹਾਨੀ ਸੰਤਾਨ ਵਿੱਚ ਸ਼ਾਮਲ ਨਹੀਂ ਸਨ । ਜੱਦ ਮੇਰਾ ਸਮਾਂ ਆਇਆ ਤਾਂ ਅਲੱਾਹ ਤਆਲਾ ਨੇ ਅਜਿਹੇ ਸਾਧਨ ਬਣਾ ਦਿੱਤੇ ਕਿ ਉਹ ਮੇਰੇ ਰਾਹੀਂ ਅਹਮਦੀਅਤ ਵਿੱਚ ਦਾਖ਼ਲ ਹੋ ਗਏ ਅਤੇ ਇਸ ਪ੍ਰਕਾਰ ਰੱਬ ਨੇ ਮੈਨੂੰ ਤਿੰਨ ਤੋਂ ਚਾਰ ਕਰਨ ਵਾਲਾ ਬਣਾ ਦਿੱਤਾ । ਫਿਰ ਇਸ ਪੱਖੋਂ ਵੀ ਤਿੰਨ ਤੋਂ ਚਾਰ ਕਰਨ ਵਾਲਾ ਹਾਂ ਕਿ 1886 ਈ. ਵਿੱਚ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਇਹ ਪੇਸ਼ਗੋਈ ਕੀਤੀ ਸੀ ਅਤੇ 1889 ਈ. ਵਿੱਚ ਮੇਰਾ ਜਨਮ ਹੋਇਆ, ਭਾਵ ਤਿੰਨ ਨੂੰ ਚਾਰ ਕਰਨ ਵਾਲੀ ਭਵਿੱਖਬਾਣੀਆਂ ਵਿੱਚ ਇਹ ਖ਼ਬਰ ਦਿੱਤੀ ਗਈ ਸੀ ਕਿ ਮੇਰਾ ਜਨਮ ਪੇਸ਼ਗੋਈਆਂ ਦੇ ਚੋਥੇ ਸਾਲ ਹੋਵੇਗਾ ਅਤੇ ਇਸ ਪ੍ਰਕਾਰ ਮੈਂ ਤਿੰਨ ਨੂੰ ਚਾਰ ਕਰਨ ਵਾਲਾ ਹੋਵਾਂਗਾ । ਸੋ, ਅਜਿਹਾ ਹੀ ਹੋਇਆ ਅਤੇ ਇਸੇ ਅਨੁਸਾਰ ਮੇਰਾ ਜਨਮ ਹੋਇਆ ।

ਫ਼ਰਮਾਉਂਦੇ ਹਨ ਕਿ ਪੰਜਵੀ ਖ਼ਬਰ ਇਹ ਦਿੱਤੀ ਗਈ ਸੀ ਕਿ ਇਸ ਦਾ ਨਜ਼ੂਲ (ਪ੍ਰਗਟ ਹੋਣਾ) ਇਲਾਹੀ ਜਲਾਲ ਦੇ ਪ੍ਰਗਟ ਹੋਣ ਦਾ ਮੂਜਬ ਹੋਵੇਗਾ । ਇਹ ਖ਼ਬਰ ਵੀ ਮੇਰੇ ਜੁੱਗ ਵਿੱਚ ਪੂਰੀ ਹੋਈ ਕਿਉਂਕਿ ਮੇਰੇ ਖ਼ਿਲਾਫ਼ਤ ਉਪੱਰ ਕਾਇਮ ਹੁੰਦਿਆਂ ਹੀ ਪਹਿਲੀ ਜੰਗ ਹੋਈ ਅਤੇ ਹੁਣ ਦੂਜੀ ਜੰਗ ਅਰੰਭ ਹੈ ਜਿਸ ਨਾਲ ਇਲਾਹੀ ਜਲਾਲ ਦੁਨੀਆ ਵਿੱਚ ਪ੍ਰਕਟ ਹੋ ਰਿਹਾ ਹੈ ।

ਇਕ ਪੇਸ਼ਗੋਈ ਇਹ ਵੀ ਕੀਤੀ ਗਈ ਸੀ ਕਿ 'ਵੋਹ ਅਸੀਰੋਂ ਕੀ ਰੁਸਤਗਾਰੀ ਕਾ ਮੂਜਿਬ ਹੋਗਾ' (ਉਹ ਕੈਦੀਆਂ ਦੀ ਰਿਹਾਈ ਦਾ ਸਬਬ ਹੋਵੇਗਾ) ਅਲੱਾਹ ਤਆਲਾ ਨੇ ਇਸ ਪੇਸ਼ਗੋਈ ਨੂੰ ਮੇਰੇ ਰਾਹੀਂ ਪੂਰਾ ਕੀਤਾ । ਪਹਿਲਾਂ ਤਾਂ ਇਸ ਪ੍ਰਕਾਰ ਕਿ ਅਲੱਾਹ ਤਆਲਾ ਨੇ ਮੇਰੇ ਰਾਹੀਂ ਇਹਨਾਂ ਕੋਮਾਂ ਨੂੰ ਸੁਮਾਰਗ ਬਖ਼ਸ਼ਿਆ ਜਿੰਨ੍ਹਾ ਵੱਲ ਮੁਸਲਮਾਨਾਂ ਦਾ ਕੋਈ ਧਿਆਨ ਨਹੀਂ ਸੀ ਅਤੇ ਉਹ ਅਤਿਅੰਮ ਜ਼ਲੀਲ ਤੇ ਪਛੱੜੀ ਅਵਸਥਾ ਵਿੱਚ ਸਨ । ਉਹ ਕੈਦੀਆਂ ਜਿਹਾ ਜੀਵਨ ਬਤੀਤ ਕਰ ਰਹੀਆਂ ਸਨ । ਫਿਰ ਫ਼ਰਮਾਇਆ ਫਿਰ ਕੈਦੀਆਂ ਦੀ ਰਿਹਾਈ ਦੇ ਪੱਖੋਂ ਕਸ਼ਮੀਰ ਦੀ ਘਟਨਾ ਵੀ ਇਸ ਭਵਿੱਖਬਾਣੀ ਸਚੱਾਈ ਦਾ ਇਕ ਠੋਸ ਪ੍ਰਮਾਣ ਹੈ ਅਤੇ ਹਰ ਮਨੁੱਖ ਜੋ ਇਹਨਾਂ ਘਟਨਾਵਾਂ ਉਪੱਰ ਗੰਭੀਰਤਾ ਨਾਲ ਵਿਚਾਰ ਕਰੇ ਇਹ ਸਵੀਕਾਰ ਕੀਤੇ ਬਿਨਾ ਨਹੀਂ ਰਹਿ ਸਕਦਾ ਕਿ ਰੱਬ ਨੇ ਮੇਰੇ ਰਾਹੀਂ ਹੀ ਕਸ਼ਮੀਰੀਆਂ ਦੀ ਰਿਹਾਈ ਦੇ ਸਾਧਨ ਪੈਦਾ ਕੀਤੇ ਅਤੇ ਉਹਨਾਂ ਦੇ ਦੁਸ਼ਮਣਾ ਨੂੰ ਹਾਰ ਦਿੱਤੀ । ਆਪ ਫ਼ਰਮਾਉਂਦੇ ਹਨ ਕਿ ਇਹ ਜੋ

ਪੇਸ਼ਗੋਈ ਹੈ ਇਸ ਦੇ ਦੋ ਵੱਡੇ ਤੇ ਮਹਤੱਵਪੂਰਨ ਭਾਗ ਹਨ । ਪਹਿਲਾ ਭਾਗ ਇਸ ਪੇਸ਼ਗੋਈ ਦਾ ਇਹ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਰੱਬ ਵਲੋਂ ਇਹ ਖ਼ਬਰ ਦਿੱਤੀ ਗਈ ਸੀ ਕਿ ਮੈਂ ਤੇਰੇ ਨਾਂ ਨੂੰ ਦੁਨੀਆ ਦੇ ਕੰਢਿਆਂ ਤੱਕ ਪਹੁੰਚਾਵਾਂਗਾ । ਹੁਣ ਨਿਰਾ ਪੁਤੱਰ ਹੋਣ ਕਰਕੇ ਆਪ ਦਾ ਨਾਂ ਦੁਨੀਆ ਦੇ ਕੰਢਿਆਂ ਤੱਕ ਨਹੀਂ ਪਹੁੰਚ ਸਕਦਾ ਸੀ, ਜੱਦ ਤੱਕ ਅਜਿਹੇ ਕਾਰਜ ਪ੍ਰਕਟ ਨ ਹੁੰਦੇ ਜਿੰਨ੍ਹਾ ਤੋਂ ਆਪ ਸਾਰੀ ਦੁਨੀਆ ਵਿੱਚ ਪ੍ਰਸਿੱਧ ਨ ਹੋ ਜਾਂਦੇ । ਸੋ, ਇਹ ਪੇਸ਼ਗੋਈ ਇਸੇ ਅਵਸਥਾ ਵਿੱਚ ਮਹਾਨਤਮ ਭਵਿੱਖਬਾਣੀ ਅਖਵਾ ਸਕਦੀ ਸੀ, ਜੱਦ ਆਪ ਦੀ ਪ੍ਰਸਿੱਧੀ ਅਸਾਧਾਰਣ ਅਵਸਥਾ ਵਿੱਚ ਹੁੰਦੀ । ਕਿਉਂਕਿ ਅਸੀਂ ਦੇਖਦੇ ਹਾਂ ਕਿ ਅਜਿਹਾ ਹੀ ਹੋਇਆ । ਜੱਦ ਮੇਰਾ ਜਨਮ ਹੋਇਆ ਤਾਂ ਉਸ ਦੇ ਦੋ ਢਾਈ ਮਹੀਨੇ ਬਾਦ ਆਪ ਨੇ ਲੋਕਾਂ ਦੀ ਬੈਅਤ ਲਈ ਅਤੇ ਇਸ ਪ੍ਰਕਾਰ ਜਮਾਤ ਅਹਮਦੀਆ ਦਾ ਮੁੱਢ ਸੰਸਾਰ ਵਿੱਚ ਸਥਾਪਤ ਹੋ ਗਿਆ । ਜਿਵੇਂ ਕਿ ਰੱਬ ਨੇ ਭਵਿੱਖਬਾਣੀ ਵਿੱਚ ਦੱਸਿਆ ਸੀ ਕਿ ਉਹ ਧਰਤੀ ਦੇ ਕੰਢਿਆਂ ਤੱਕ ਪ੍ਰਸਿੱਧੀ ਪ੍ਰਾਪਤ ਕਰੇਗਾ । ਅਲੱਾਹ ਤਆਲਾ ਨੇ ਮੈਨੂੰ ਉਹ ਸੰਜੋਗ ਬਖ਼ਸ਼ਿਆ ਕਿ ਵੱਖ ਵੱਖ ਦੇਸ਼ਾਂ ਵਿੱਚ ਅਹਮਦੀਆ ਮਿਸ਼ਨ ਸਥਾਪਤ ਕਰਾਂ । ਫਿਰ ਜਮਾਤ ਹੋਰ ਵਧੀ ਅਤੇ ਵਧੱਦੀ ਚਲੀ ਗਈ । ਪੇਸ਼ਗੋਈ ਦੇ ਤਾਂ ਵੱਖ ਵੱਖ ਭਾਗ ਹਨ ਜੋ ਆਪ ਰਾਹੀਂ ਵੱਡੀ ਸ਼ਾਨ ਨਾਲ ਪੂਰੇ ਹੋਏ ਅਤੇ ਕਈ ਵਾਰ ਪੂਰੇ ਹੋਏ । ਵੱਖ ਵੱਖ ਥਾਵਾਂ ਉਪੱਰ ਪੂਰੇ ਹੋਏ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਨੂੰ ਪ੍ਰਗਟ ਕਰਦੇ ਰਹੇ । ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਅਤੇ ਇਸਲਾਮ ਦੀ ਸ਼ਾਨ ਨੂੰ ਵਧਾਉਂਦੇ ਰਹੇ । ਅਲੱਾਹ ਤਆਲਾ ਆਪ ਰਜ਼ੀ ਅਲੱਾਹ ਅਨਹੁ ਉਪੱਰ ਆਪਣੀਆਂ ਰਹਿਮਤਾਂ ਸਦਾ ਹੀ ਵਰ੍ਹਾਉਂਦਾ ਰਹੇ ਅਤੇ ਸਾਨੂੰ ਵੀ ਆਪਣੀਆਂ ਜ਼ਿੰਮੇਦਾਰੀਆਂ ਨਿਭਾਉਣ ਦਾ ਸੰਜੋਗ ਬਖ਼ਸ਼ਦਾ ਰਹੇ । ਆਮੀਨ ।

ਨਮਾਜ਼ਾਂ ਦੇ ਬਾਦ ਹਜ਼ੂਰ ਅਨਵਰ ਨੇ ਮੁਕਰੱਮ ਮੌਲਾਨਾ ਮੁਹਮੱਦ ਸਿੱਦੀਕ ਸ਼ਹਿਦ ਸਾਹਬ ਗੁਰਦਾਸਪੁਰੀ ਮੁਬਲੱਗ਼ ਸਿਲਸਿਲਾ ਦਾ ਨਮਾਜ਼ ਜਨਾਜ਼ਾਹ ਗ਼ੈਬ ਪੜ੍ਹਾਇਆ ਅਤੇ ਮਰਹੂਮ ਦੀਆਂ ਚੰਗੀਆਂ ਸਿਫ਼ਤਾਂ ਬਿਆਨ ਕੀਤੀਆਂ ।

**Khulasa Khutba 20.02.2015**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131